# Municipal Corporation, Jalandhar

Corrigendum No:- 1050/cc/ur                                                                 Dated:-23.02.26

ਵਿਸ਼ਾ:- <u>ਨਗਰ ਨਿਗਮ, ਜਲੰਧਰ ਵਿਖੇ ਦਰਜਾ-4 ਦੀਆਂ 1196 ਅਸਾਮੀਆਂ ਦੀ ਭਰਤੀ ਸੰਬੰਧੀ ਵੱਖ-ਵੱਖ ਕੈਟਾਗਰੀਆਂ ਵਿੱਚ ਸੋਧ ਕਰਨ ਅਤੇ ਅਰਜੀਆਂ ਲੈਣ ਦੀ ਮਿਆਦ ਵਿੱਚ ਵਾਧਾ ਕਰਨ ਸੰਬੰਧੀ।</u>

ਨਗਰ ਨਿਗਮ, ਜਲੰਧਰ ਵਿਖੇ ਦਰਜਾ-4 ਦੀਆਂ 1196 ਅਸਾਮੀਆਂ ਦੀ ਭਰਤੀ ਸੰਬੰਧੀ ਵੱਖ-ਵੱਖ ਕੈਟਾਗਰੀਆਂ ਦੇ ਦਿੱਤੇ ਗਏ ਕੋਡਾਂ ਸੰਬੰਧੀ ਹੇਠ ਅਨੁਸਾਰ ਸਪੱਸ਼ਟੀਕਰਨ ਦਿੱਤਾ ਜਾਂਦਾ ਹੈ:-

1. ਐਸ.ਸੀ. ਕੈਟਾਗਰੀ ਦੇ ਉਮੀਦਵਾਰ ਐਸ.ਸੀ (ਬਾਲਮੀਕੀ, ਮਜ਼ਬੀ ਸਿੱਖ, ਰਾਮਦਾਸੀਆ ਅਤੇ ਹੋਰ ) ਐਸ. ਸੀ. ਕੈਟਾਗਰੀ ਨੂੰ ਅਲਾਟ ਕੀਤੇ ਗਏ ਕੋਡ ਭਾਵ 501 ਅਧੀਨ ਅਪਲਾਈ ਕਰਣਗੇ। ਇਹਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਰਿਜ਼ਰਵੇਸ਼ਨ ਦਿੱਤੀ ਜਾਵੇਗੀ।

2. ਐਸ.ਸੀ. ਕੈਟਾਗਰੀ ਦੀਆਂ ਇਸਤਰੀ ਉਮੀਦਵਾਰ ਐਸ.ਸੀ (ਬਾਲਮੀਕੀ, ਮਜ਼ਬੀ ਸਿੱਖ, ਰਾਮਦਾਸੀਆ ਅਤੇ ਹੋਰ ) ਐਸ. ਸੀ. ਕੈਟਾਗਰੀ ਨੂੰ ਅਲਾਟ ਕੀਤੇ ਗਏ ਕੋਡ ਭਾਵ 502 ਅਧੀਨ ਅਪਲਾਈ ਕਰਣਗੇ। ਇਹਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਰਿਜ਼ਰਵੇਸ਼ਨ ਦਿੱਤੀ ਜਾਵੇਗੀ।

3. ਦਿਵਯਾਂਗ ਕੋਟੇ ਵਿੱਚ ਅਪਲਾਈ ਕਰਨ ਵਾਲੇ ਉਮੀਦਵਾਰ ਸ਼੍ਰੇਣੀ ਕੋਡ 507 ਅਧੀਨ ਅਪਲਾਈ ਕਰਣਗੇ। ਇਹਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਰਿਜ਼ਰਵੇਸ਼ਨ ਦਿੱਤੀ ਜਾਵੇਗੀ। ਇਹ ਕੋਟੇ ਵਿੱਚ ਪਹਿਲਾਂ ਦਰਸਾਏ ਗਏ ਸ਼ਬਦ (Handicapped F) ਨੂੰ ਕੇਵਲ Handicapped ਪੜ੍ਹਿਆ ਜਾਵੇ। ਇਸ ਕੋਟੇ ਅਧੀਨ ਅਪਲਾਈ ਕਰਨ ਵਾਲੇ ਸਾਰੇ ਉਮੀਦਵਾਰ ਕੈਟਾਗਰੀ ਕੋਡ 507 ਅਧੀਨ ਅਪਲਾਈ ਕਰਣਗੇ। ਇਹਨਾਂ ਨੂੰ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਬਣਦੀ ਰਿਜ਼ਰਵੇਸ਼ਨ ਦਿੱਤੀ ਜਾਵੇਗੀ ਜਿਸ ਅਨੁਸਾਰ (Ortho, VH, HH & MI/MD ਇਹਨਾਂ ਚਾਰ ਸਬ-ਕੈਟਾਗਰੀਆਂ ਨੂੰ 1% ਰਿਜ਼ਰਵੇਸ਼ਨ ਦਿੱਤੀ ਜਾਵੇਗੀ। ਪੁਰਖ ਅਤੇ ਇਸਤਰੀ ਉਮੀਦਵਾਰਾਂ ਲਈ ਇਹ ਰਿਜਰਵੇਸ਼ਨ ਰੋਟੇਸ਼ਨ ਦੇ ਅਧਾਰ ਤੇ ਦਿੱਤੀ ਜਾਵੇਗੀ।

4. ਇਸ ਭਰਤੀ ਸੰਬੰਧੀ ਕਿਸੇ ਵੀ ਤਰਾਂ ਦੀ ਰਿਜ਼ਰਵੇਸ਼ਨ ਸਰਕਾਰੀ ਰੂਲਾਂ/ਹਦਾਇਤਾਂ ਅਨੁਸਾਰ ਹੀ ਦਿੱਤੀ ਜਾਵੇਗੀ।

5. ਉਕਤ ਦਰਜਾ-4 ਦੀਆਂ 1196 ਅਸਾਮੀਆਂ ਦੀ ਭਰਤੀ ਸੰਬੰਧੀ ਅਰਜੀਆਂ ਪ੍ਰਾਪਤ ਕਰਨ ਦੀ ਮਿਤੀ:27.02.2026 ਤੋਂ ਵਧਾ ਕੇ ਮਿਤੀ: 31/03/2026 ਕੀਤੀ ਜਾਂਦੀ ਹੈ।

ਕਮਿਸ਼ਨਰ

ਨਗਰ ਨਿਗਮ, ਜਲੰਧਰ।